# ਚਾਲੂ ਵਿੱਤੀ ਸਾਲ ਦੌਰਾਨ 2,762 ਕਿਰਤੀਆਂ ਨੂੰ ਬਤੌਰ ਉਸਾਰੀ ਕਿਰਤੀ ਲਾਭਪਾਤਰੀ ਕੀਤਾ ਗਿਆ ਰਜਿਸਟਰਡ-ਡਿਪਟੀ ਕਮਿਸ਼ਨਰ

- **ਉਸਾਰੀ ਕਿਰਤੀ ਭਲਾਈ ਬੋਰਡ ਰਜਿਸਟਰਡ ਵੱਲੋਂ ਕਿਰਤੀਆਂ ਨੂੰ ਕੀਤੇ ਜਾ ਰਹੇ ਨੇ ਅਨੇਕਾਂ ਲਾਭ ਪ੍ਰਦਾਨ**
- **ਪੰਜਾਬ ਸਰਕਾਰ ਉਸਾਰੀ ਕਿਰਤੀਆਂ ਦੀ ਭਲਾਈ ਲਈ ਵਚਨਬੱਧ**
- **ਉਸਾਰੀ ਕਿਰਤੀਆਂ ਨੂੰ ਬੋਰਡ ਨਾਲ ਜੁੜ ਕੇ ਵੱਧ ਤੋਂ ਵੱਧ ਨੂੰ ਲਾਹਾ ਪ੍ਰਾਪਤ ਕਰਨ ਦੀ ਅਪੀਲ**

ਮੋਗਾ 27 ਨਵੰਬਰ:

ਪੰਜਾਬ ਸਰਕਾਰ ਦੇ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਸ ਵੈਲਫ਼ੇਅਰ ਬੋਰਡ ਵੱਲੋਂ ਚਾਲੂ ਮਾਲੀ ਸਾਲ ਦੌਰਾਨ 1 ਅਪ੍ਰੈਲ, 2018 ਤੋਂ 31 ਅਕਤੂਬਰ, 2018 ਤੱਕ 2,762 ਕਿਰਤੀਆਂ ਨੂੰ ਬਤੌਰ ਉਸਾਰੀ ਕਿਰਤੀ ਲਾਭਪਾਤਰੀ ਰਜਿਸਟਰਡ ਕੀਤਾ ਗਿਆ, ਜਦ ਕਿ ਵਜ਼ੀਫ਼ਾ ਸਕੀਮ ਅਧੀਨ 442 ਅਤੇ ਰਜਿਸਟ੍ਰੇਸ਼ਨ ਕਾਰਡ ਰੀਨਿਊ ਸਬੰਧੀ 1,988 ਅਰਜ਼ੀਆਂ ਪ੍ਰਾਪਤ ਹੋਈਆਂ ਹਨ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਹੰਸ ਆਈ.ਏ.ਐਸ ਨੇ ਦੱਸਿਆ ਕਿ ਪੰਜਾਬ ਸਰਕਾਰ ਉਸਾਰੀ ਕਿਰਤੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਸ ਵੈਲਫ਼ੇਅਰ ਬੋਰਡ ਵੱਲੋਂ ਰਜਿਸਟਰਡ ਉਸਾਰੀ ਕਿਰਤੀਆਂ ਨੂੰ ਅਨੇਕਾਂ ਲਾਭ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਲਾਭ ਉਹ ਤਾਂ ਹੀ ਪ੍ਰਾਪਤ ਕਰ ਸਕਦੇ ਹਨ, ਜੇਕਰ ਉਸਾਰੀ ਕਿਰਤੀ ਬੋਰਡ ਕੋਲ ਰਜਿਸਟਰਡ ਹੋਣ। ਇਸ ਲਈ ਪੰਜਾਬ ਸਰਕਾਰ ਵੱਲੋਂ ਉਸਾਰੀ ਕਿਰਤੀਆਂ ਦੀ ਰਜਿਸਟ੍ਰਰੇਸ਼ਨ ਨੂੰ ਅਸਾਨ ਬਨਾਉਣ ਲਈ ਇਹ ਸੇਵਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਰਜਿਸਟ੍ਰੇਸ਼ਨ ਲਈ ਕਿਰਤੀ ਦੀ ਉਮਰ 18 ਤੋਂ 60 ਸਾਲ ਵਿਚਕਾਰ ਹੋਣੀ ਚਾਹੀਦੀ ਹੈ, ਉਸ ਕੋਲ ਤਿੰਨ ਮਹੀਨੇ ਦੇ ਤਜ਼ਰਬੇ ਦਾ ਸਬੂਤ ਹੋਣਾ ਚਾਹੀਦਾ ਹੈ। ਉਹ ਆਪਣੇ ਆਧਾਰ ਕਾਰਡ, ਆਪਣੇ ਪ੍ਰੀਵਾਰਕ ਮੈਂਬਰਾਂ ਦੀਆਂ ਫ਼ੋਟੋਆਂ ਅਤੇ ਪ੍ਰੀਵਾਰ ਦੇ ਮੈਂਬਰਾਂ ਦੇ ਆਧਾਰ ਕਾਰਡ ਆਦਿ ਸਮੇਤ ਰਜਿਸਟ੍ਰੇਸ਼ਨ ਲਈ ਆਪਣੇ ਨੇੜੇ ਦੇ ਕਿਸੇ ਵੀ ਸੇਵਾ ਕੇਂਦਰ ਵਿੱਚ ਪਹੁੰਚ ਕਰ ਸਕਦਾ ਹੈ। ਉਨ੍ਹਾਂ ਉਸਾਰੀ ਕਿਰਤੀਆਂ ਨੂੰ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ, ਤਾਂ ਜੋ ਉਹ ਇੰਨ੍ਹਾਂ ਸਕੀਮਾਂ ਦਾ ਲਾਭ ਲੈ ਸਕਣ।

ਸਹਾਇਕ ਕਿਰਤ ਕਮਿਸ਼ਨਰ ਰਾਜ ਕੁਮਾਰ ਗਰਗ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਹੜੇ ਉਸਾਰੀ ਕਿਰਤੀ, ਬੋਰਡ ਕੋਲ ਰਜਿਸਟਰਡ ਹੁੰਦੇ ਹਨ ਉਨ੍ਹਾਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ ਵੈਲਫ਼ੇਅਰ ਬੋਰਡ ਵੱਲੋਂ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਲਈ ਵਜੀਫ਼ਾ, ਦਾਹ ਸੰਸਕਾਰ ਲਈ ਸਹਾਇਤਾ, ਸਰਜਰੀ ਲਈ ਸਹਾਇਤਾ, ਖਤਰਨਾਕ ਬਿਮਾਰੀਆਂ ਦੇ ਇਲਾਜ ਲਈ ਸਹਾਇਤਾ, ਐਕਸਗ੍ਰੇਸ਼ੀਆ ਗਰਾਂਟ, ਸ਼ਗਨ ਸਕੀਮ, ਐਲ.ਟੀ.ਸੀ ਲਾਭ, ਪ੍ਰਸੂਤਾ ਸਕੀਮ ਅਤੇ ਮਾਨਸਿਕ ਰੋਗੀਆਂ ਦੇ ਇਲਾਜ ਸਬੰਧੀ ਸਕੀਮ ਦਾ ਲਾਭ ਦਿੱਤਾ ਜਾਂਦਾ ਹੈ।

--------------

ਨੰ: ਪੀ.ਆਰ(ਪ੍ਰੈ ਰੀ)2018/959

